# ਸਿਟੀ ਆਫ ਐਬਟਸਫੋਰਡ
# ਕਰਬਸਾਈਡ ਕਾਰਟ ਕੁਲੈਕਸ਼ਨ ਗਾਈਡ

ਜਨਵਰੀ ਤੋਂ ਦਸੰਬਰ 2026 ਤੱਕ ਲਾਗੂ



**ਯਾਰਡ ਵੇਸਟ ਦੇ ਕੂਪਨ ਅੰਦਰ ਹਨ**

**ENGINEERING & REGIONAL UTILITIES**
604-864-5640 abbotsford.ca/waste
ABBOTSFORD




# ਸਹੀ ਢੰਗ ਨਾਲ ਰੀਸਾਈਕਲ ਕਰੋ

## ਇਨ੍ਹਾਂ ਚੀਜ਼ਾਂ ਨੂੰ ਆਪਣੇ ਰੀਸਾਈਕਲਿੰਗ ਕਾਰਟ ਤੋਂ ਬਾਹਰ ਰੱਖੋ ਅਤੇ ਸਹੀ ਢੰਗ ਨਾਲ ਰੀਸਾਈਕਲ ਕਰੋ!




ਰੀਸਾਈਕਲਯੋਗ ਸਮਾਨ ਨੂੰ ਬੈਗ ‘ਚ ਨਾ ਪਾਉ। ਆਈਟਮਾਂ ਨੂੰ ਸਿੱਧੇ ਨੀਲੇ ਕਾਰਟ ਵਿੱਚ ਰੱਖੋ।




ਪਲਾਸਟਿਕ ਬੈਗ ਅਤੇ ਰੈਪਰਾਂ ਨੂੰ ਡਿੱਪੂ ‘ਚ ਲੈ ਕੇ ਜਾਉ।



ਭੋਜਨ ਦੀ ਰਹਿੰਦ ਖਹੂੰਦ ਨੂੰ ਕੰਪੋਸਟ ਕਾਰਟ ‘ਚ ਪਾਉ ਅਤੇ ਕੰਟੇਨਰਾਂ ਨੂੰ ਸਾਫ ਕਰੋ।



ਸਾਫ ਅਤੇ ਲਿੱਬੜੇ ਦੋਹਾਂ ਤਰ੍ਹਾਂ ਦੇ ਟਿਸ਼ੂ ਅਤੇ ਪੇਪਰ ਟਾਵਲਾਂ ਨੂੰ ਕੰਪੋਸਟ ਕਾਰਟ ‘ਚ ਪਾਉ।




- ✓ ਕਾਰਡਬੋਰਡ ਅਤੇ ਪੇਪਰ (ਕਿਤਾਬਾਂ ਨਹੀਂ)
- ✓ ਧਾਤ ਦੇ ਟਿਨ, ਕੈਨ ਅਤੇ ਫੌਇਲ
- ✓ ਸਖਤ ਪਲਾਸਟਿਕ ਪੈਕੇਜਿੰਗ

ਵਧੇਰੇ ਜਾਣਕਾਰੀ ਲਈ ਵੇਖੋ:
**abbotsford.ca/waste**

ABBOTSFORD
ENGINEERING & REGIONAL UTILITIES
604-864-5640 abbotsford.ca/waste

# ਸਮੱਗਰੀ

## ਸਮੱਗਰੀ


ਕਾਰਟ/ਬਿੰਨ ........ 4
ਰੀਸਾਈਕਲਿੰਗ ........ 7
ਕੰਪੋਸਟਯੋਗ ........ 11
ਗਾਰਬੇਜ ........ 12
ਜੰਗਲੀ ਜੀਵ-ਜੰਤੂ ਅਤੇ ਮਲ ........ 13
2026 ਕੁਲੈਕਸ਼ਨ ਕੈਲੰਡਰ: ਪੱਛਮੀ ਪਾਸੇ ਦੀ ਕੁਲੈਕਸ਼ਨ ........ 14
2026 ਕੁਲੈਕਸ਼ਨ ਕੈਲੰਡਰ: ਪੂਰਬੀ ਪਾਸੇ ਦੀ ਕੁਲੈਕਸ਼ਨ ........ 16
ਮਹੱਤਵਪੂਰਨ ਜਾਣਕਾਰੀ ........ 18


### ਕੀ ਤੁਸੀਂ **ਜਾਣਦੇ ਹੋ?**

**2025 'ਚ ਕੂੜਾ-ਕਰਕਟ ਹੋਰ ਪਾਸੀਂ ਮੋੜਨ ਦੀ ਸਾਡੀ ਦਰ 62% ਰਹੀ ਸੀ।**
ਇਸਦਾ ਮਤਲਬ ਕਿ ਸਾਡੇ ਵੱਲੋਂ ਚੁੱਕੇ ਗਏ ਕੂੜੇ-ਕਰਕਟ ਦਾ 63% ਲੈਂਡਫਿੱਲ 'ਚ ਨਹੀਂ ਸੁੱਟਿਆ ਗਿਆ

ਸਿਟੀ ਆਫ ਐਬਟਸਫੋਰਡ ਸ਼ਹਿਰ ਭਰ ਵਿੱਚ 26,500 ਸਿੰਗਲ ਫੈਮਿਲੀ ਘਰਾਂ ਅਤੇ ਡੂਪਲੈਕਸਾਂ ਲਈ ਸਵੈਚਲਿਤ ਕਾਰਟ-ਅਧਾਰਿਤ ਕੁਲੈਕਸ਼ਨ ਪ੍ਰਦਾਨ ਕਰਦਾ ਹੈ।




## ਸਹੀ ਢੰਗ ਨਾਲ ਰੀਸਾਈਕਲ ਕਰੋ ਅਤੇ ਇੱਕ ਸਟਾਰ ਪ੍ਰਾਪਤ ਕਰੋ

**ਕਰਬਸਾਈਡ ਕਾਰਟ ਆਡਿਟ ਹੁਣ ਚੱਲ ਰਹੇ ਹਨ!**
ਸਿਟੀ ਸਟਾਫ਼ ਰੀਸਾਈਕਲਿੰਗ ਵਾਲੇ ਕੂੜੇ 'ਚ ਮਿਲਾਵਟਾਂ ਨੂੰ ਘਟਾਉਣ ਦੀ ਕੋਸ਼ਿਸ਼ ਵਜੋਂ ਪਿੱਕ-ਅੱਪ ਵਾਲੇ ਦਿਨਾਂ 'ਤੇ ਕਾਰਟਾਂ ਦੀ ਜਾਂਚ ਕਰੇਗਾ ਅਤੇ ਇੰਜ ਆਪਣੇ ਡਾਇਵਰਜ਼ਨ ਰੇਟ 'ਚ ਵਾਧਾ ਕਰੇਗਾ!

**ਆਪਣੇ ਕਾਰਟ ਵਿੱਚ ਸਿਰਫ਼ ਸਵੀਕਾਰਯੋਗ** ਸਮੱਗਰੀਆਂ ਪਾਉਣ ਦੁਆਰਾ ਆਪਣੇ ਨੀਲੇ ਰੀਸਾਈਕਲ ਵਾਲੇ ਕਾਰਟ ਲਈ ਇੱਕ ਸਟਾਰ ਸਟਿੱਕਰ ਪ੍ਰਾਪਤ ਕਰੋ। #StarRecycle 'ਤੇ ਸਾਨੂੰ ਟੈਗ ਕਰਨ ਦੁਆਰਾ ਆਪਣੇ ਸਟਿੱਕਰ ਦਾ ਵਿਖਾਲਾ ਪਾਉ।

ਆਪਣੇ ਕੂੜੇ-ਕਰਕਟ ਨੂੰ ਅੱਡ ਅੱਡ ਕਰਨ ਬਾਰੇ ਹੋਰ ਵਧੇਰੇ ਜਾਣਕਾਰੀ ਲੈਣ ਲਈ ਵੇਖੋ **abbotsford.ca/waste**.




**ਰੀਸਾਈਕਲਿੰਗ ਸਟਾਰ ਬਣੋ! #StarRecycler**

# ਕਾਰਟ ਅਤੇ ਬਿੰਨ

ਆਪਣੇ ਕੂੜੇ-ਕਰਕਟ ਨੂੰ ਇੰਨਾਂ 'ਚੋਂ ਕਿਸੇ ਇੱਕ ਸਟ੍ਰੀਮ 'ਚ ਅੱਡ ਅੱਡ ਕਰੋ।

**ਰੀਸਾਈਕਲਿੰਗ**
ਕੰਟੇਨਰ, ਅਖ਼ਬਾਰਾਂ, ਪੈਕੇਜਿੰਗ ਅਤੇ ਕਾਗਜ਼ ਉਤਪਾਦਨ।

ਹਰ ਦੂਜੇ ਹਫ਼ਤੇ ਚੁੱਕਿਆ ਜਾਂਦਾ ਹੈ।

**ਕੰਪੋਸਟਯੋਗ**
ਭੋਜਨ ਦੀ ਰਹਿੰਦ ਖੂੰਹਦ, ਭੋਜਨ ਨਾਲ ਲਿੱਬੜੇ ਕਾਗਜ਼ ਅਤੇ ਯਾਰਡ ਦੀ ਕਾਂਟ-ਛਾਂਟ।

ਹਫਤੇਵਾਰ ਚੁੱਕਿਆ ਜਾਂਦਾ ਹੈ।

**ਗਾਰਬੇਜ**
ਕੂੜਾ-ਕਰਕਟ ਜੋ ਕੰਪੋਸਟ ਜਾਂ ਰੀਸਾਈਕਲ ਨਹੀਂ ਕੀਤਾ ਜਾ ਸਕਦਾ ਹੈ।

ਹਰ ਦੂਜੇ ਹਫ਼ਤੇ ਚੁੱਕਿਆ ਜਾਂਦਾ ਹੈ।


**ਸ਼ੀਸ਼ਾਂ**
ਖਾਲੀ ਅਤੇ ਸਾਫ ਸ਼ੀਸ਼ੇ ਦੀਆਂ ਬੋਤਲਾਂ ਅਤੇ ਜਾਰ ਜਿੰਨ੍ਹਾਂ ਦੇ ਢੱਕਣ ਲਾਹੇ ਹੋਣ।

ਹਰੇਕ ਦੂਸਰੇ ਹਫਤੇ, ਉਸੇ ਦਿਨ ਜਿਸ ਦਿਨ ਰੀਸਾਈਕਲਿੰਗ ਸਮਾਨ ਚੁੱਕਿਆ ਜਾਂਦਾ ਹੈ।

**ਸੁੱਟ ਸਕਣਾ**
ਰੀਸਾਈਕਲਿੰਗ ਡਿੱਪੂ, ਟ੍ਰਾਂਸਫਰ ਸਟੇਸ਼ਨ ਜਾਂ ਹੋਰ ਡਰਾਪ-ਆਫ ਟਿਕਾਣੇ 'ਤੇ ਸਵੀਕਾਰ ਕੀਤੀ ਜਾਂਦੀ ਸਮੱਗਰੀ

## ਕਾਰਟਾਂ ਦੇ ਸਾਈਜ਼ ਅਤੇ ਕਿਸਮਾਂ

ਰੀਸਾਈਕਲ, ਕੰਪੋਸਟ ਅਤੇ ਗਾਰਬੇਜ ਲਈ ਕਾਰਟ ਤਿੰਨ ਸਾਈਜ਼ਾਂ ਵਿੱਚ ਉਪਲਬਧ ਹਨ। ਰਿੱਛ-ਨਿਰੋਧਕ ਕਾਰਟਾਂ ਲਈ ਵੀ ਬੇਨਤੀ ਕੀਤੀ ਜਾ ਸਕਦੀ ਹੈ ਪਰ ਉਹ ਸਿਰਫ 240 ਲੀਟਰ ਸਾਈਜ਼ ਵਿੱਚ ਹੀ ਉਪਲਬਧ ਹਨ।





**ਕਿਸੇ ਵੀ ਪ੍ਰਾਪਰਟੀ ਲਈ ਮੌਜੂਦਾ ਕਾਰਟ ਬਦਲਣ ਦੀਆਂ ਬੇਨਤੀਆਂ 12 ਮਹੀਨਿਆਂ ਦੇ ਸਮੇਂ ਵਿੱਚ ਸਿਰਫ਼ ਇੱਕ ਵਾਰ ਸਵੀਕਾਰ ਕੀਤੀਆਂ ਜਾਂਦੀਆਂ ਹਨ। ਕਿਰਪਾ ਕਰਕੇ ਨੋਟ ਕਰੋ ਕਿ ਕਾਰਟ ਦਾ ਸਾਈਜ਼, ਗਿਣਤੀ ਜਾਂ ਕਿਸਮ ਠੋਸ ਕੂੜਾ ਕਰਕਟ ਚੁੱਕਣ ਦੀ ਤੁਹਾਡੀ ਵਰਤੋਂ-ਫੀਸ ਨੂੰ ਪ੍ਰਭਾਵਿਤ ਕਰ ਸਕਦਾ ਹੈ। ਹੋਰ ਜਾਣਕਾਰੀ ਲਈ abbotsford.ca/carts 'ਤੇ ਜਾਉ।**

## ਗੁੰਮ ਜਾਂ ਨੁਕਸਾਨ-ਗ੍ਰਸਤ ਕਾਰਟ

ਕਾਰਟ ਦੀ ਥਾਵੇਂ ਹੋਰ ਕਾਰਟ ਲੈਣ ਦੀ ਬੇਨਤੀ ਕਰਨ ਵਾਸਤੇ ਜਾਂ ਗੁੰਮ ਜਾਂ ਚੋਰੀ ਹੋਏ ਕਾਰਟ ਦੀ ਰਿਪੋਰਟ ਕਰਨ ਵਾਸਤੇ 604-864-5640 'ਤੇ ਕਾਲ ਕਰੋ ਜਾਂ **abbotsford.ca/service** 'ਤੇ ਜਾਉ।

## ਨਵੀਂ ਰਿਹਾਇਸ਼ ਵਿੱਚ ਚਲੇ ਜਾਣਾ

ਕਿਰਪਾ ਕਰਕੇ ਉਹਨਾਂ ਕਾਰਟਾਂ ਦੀ ਵਰਤੋਂ ਕਰੋ ਜੋ ਪਹਿਲਾਂ ਤੋਂ ਤੁਹਾਡੀ ਪ੍ਰਾਪਰਟੀ 'ਤੇ ਹਨ। ਜੇਕਰ ਨਵੇਂ ਥਾਂ ਆਉਣ ਵੇਲੇ ਉੱਥੇ ਕੋਈ ਕਾਰਟ ਨਹੀਂ ਹਨ, ਜਾਂ ਤੁਸੀਂ ਨਵੇਂ ਬਣੇ ਘਰ ਵਿੱਚ ਜਾ ਰਹੇ ਹੋ, ਤਾਂ ਕਿਰਪਾ ਕਰਕੇ ਸਾਡੇ ਨਾਲ 604-864-5640 ਜਾਂ **carts@abbotsford.ca** 'ਤੇ ਸੰਪਰਕ ਕਰੋ।




## ਆਪਣੇ ਕਾਰਟਾਂ ਦਾ ਧਿਆਨ ਰੱਖੋ

**ਆਪਣੇ ਕਾਰਟਾਂ 'ਤੇ ਆਪਣੇ ਪਤੇ ਵਾਲੇ ਲੇਬਲ ਲਗਾ ਲਉ।** ਸਫੈਦ ਥਾਂ ਵਿੱਚ ਆਪਣਾ ਪਤਾ ਲਿਖਣ ਲਈ ਇੱਕ ਸਥਾਈ ਮਾਰਕਰ ਦੀ ਵਰਤੋਂ ਕਰੋ।

**ਆਪਣਾ ਸੀਰੀਅਲ ਨੰਬਰ ਰਿਕਾਰਡ ਕਰ ਲਉ।** ਤੁਹਾਡੇ ਕਾਰਟ ਦੇ ਸੱਜੇ ਪਾਸੇ ਇੱਕ ਸੀਰੀਅਲ ਨੰਬਰ ਹੁੰਦਾ ਹੈ ਜੋ ਤੁਹਾਡੇ ਕਾਰਟ ਦੀ ਪਛਾਣ ਕਰਨ ਲਈ ਵਿਲੱਖਣ ਹੁੰਦਾ ਹੈ। ਇਸ ਨੰਬਰ ਨੂੰ ਨੋਟ ਕਰੋ ਅਤੇ ਆਪਣੇ ਰਿਕਾਰਡ ਲਈ ਰੱਖੋ।

**ਇਹ ਕਾਰਟ ਸਿਟੀ ਦੀ ਜਾਇਦਾਦ ਹਨ ਅਤੇ ਇੰਨ੍ਹਾਂ 'ਤੇ ਤੁਹਾਡੇ ਪਤੇ ਦੀ ਮਾਈਕ੍ਰੋ ਚਿੱਪ ਲਗਾਈ ਗਈ ਹੈ।**

# ਕਾਰਟ ਸਬੰਧੀ ਨੁਕਤੇ

## 1 ਤੁਹਾਡੀ ਰੀਸਾਈਕਲ ਵਾਲੇ ਕਾਰਟ ਵਿੱਚ ਕੀ ਹੈ, ਇਹ ਮਤਲਬ ਰੱਖਦਾ ਹੈ।




ਖਿੱਚੇ ਜਾਣ ਵਾਲੀ ਪਲਾਸਟਿਕ, ਫੋਮ ਪੈਕੇਜਿੰਗ, ਕੱਚ, ਕਿਤਾਬਾਂ, ਜਾਂ ਹੋਰ ਚੀਜ਼ਾਂ ਜੋ ਰੀਸਾਈਕਲ ਪ੍ਰੋਗਰਾਮ ਵਿੱਚ ਸਵੀਕਾਰ ਨਹੀਂ ਕੀਤੀਆਂ ਜਾਂਦੀਆਂ, ਉਹ ਨਾ ਪਾਉ। ਇਹ ਅਸਵੀਕਾਰਯੋਗ ਸਮੱਗਰੀ ਦਾ ਨਤੀਜਾ ਤੁਹਾਡੇ ਕਾਰਟ ਦਾ ਨਾ ਚੁੱਕਿਆ ਜਾਣਾ ਬਣ ਸਕਦਾ ਹੈ।

## 2 ਰੀਸਾਈਕਲ ਯੋਗ ਸਮਾਨ ਨੂੰ ਬੈਗ ‘ਚ ਪਾ ਕੇ ਨਾ ਰੱਖੋ।



ਸਾਰੀਆਂ ਚੀਜ਼ਾਂ ਨੂੰ ਤੁਹਾਡੇ ਨੀਲੇ ਰੀਸਾਈਕਲ ਵਾਲੇ ਕਾਰਟ ਅੰਦਰ ਖੁੱਲ੍ਹੀਆਂ ਰੱਖਿਆ ਜਾਣਾ ਚਾਹੀਦਾ ਹੈ।

## 3 ਚਪਟੇ ਕਰੋ, ਭੰਨੋ ਤੋੜੋ ਅਤੇ ਦਬਾ ਕੇ ਇਕੱਠੇ ਕਰੋ!




ਗੱਤੇ ਨੂੰ ਚਪਟਾ ਕਰਨਾ ਅਤੇ ਚੀਜ਼ਾਂ ਨੂੰ ਕਾਰਟ ਵਿੱਚ ਰੱਖਣ ਤੋਂ ਪਹਿਲਾਂ ਭੰਨਣਾ ਤੋੜਨਾਂ ਅਤੇ ਦਬਾ ਕੇ ਇਕੱਠੀਆਂ ਕਰਨਾਂ ਤੁਹਾਨੂੰ ਕਾਰਟ ਦੇ ਅੰਦਰ ਵਧੇਰੇ ਸਮੱਗਰੀ ਪਾ ਸਕਣ ਵਿੱਚ ਮਦਦ ਕਰੇਗਾ।

## 4 ਆਪਣੇ ਕਾਰਟਾਂ ਨੂੰ ਜ਼ਿਆਦਾ ਨਾ ਭਰੋ!



ਬਾਹਰ ਡੁੱਲ੍ਹਦੇ ਕਾਰਟ ਚੁੱਕੇ ਨਹੀਂ ਜਾ ਸਕਦੇ। ਢੱਕਣ ਜ਼ਰੂਰ ਪੂਰੀ ਤਰ੍ਹਾਂ ਬੰਦ ਕੀਤਾ ਜਾਣਾ ਚਾਹੀਦਾ ਹੈ।

## 5 ਕੂੜਾ ਕਰਕਟ ਪੈਕ ਨਾ ਕਰੋ।



ਤੁਹਾਡੇ ਕਾਰਟਾਂ ਅੰਦਰ ਕੱਸ ਕੇ ਪੈਕ ਕੀਤੀ ਸਮੱਗਰੀ ਫਸ ਸਕਦੀ ਹੈ ਅਤੇ ਕਾਰਟ ਸਹੀ ਢੰਗ ਨਾਲ ਖਾਲੀ ਨਹੀਂ ਹੋ ਸਕੇਗਾ।

## 6 ਆਪਣੀ ਪੈਕੇਜਿੰਗ ਨੂੰ ਘਟਾਉ।



ਥੋਕ ਵਿੱਚ ਖਰੀਦਣਾ, ਮੁੜ-ਵਰਤੋਂਯੋਗ ਕੰਟੇਨਰਾਂ ਦੀ ਵਰਤੋਂ ਕਰਨਾ, ਘੱਟ ਪੈਕੇਜਿੰਗ ਵਾਲੀਆਂ ਚੀਜ਼ਾਂ ਦੀ ਚੋਣ ਕਰਨਾ, ਅਤੇ ਚੀਜ਼ਾਂ ਦੀ ਮੁੜ-ਵਰਤੋਂ ਕਰਨ ਨਾਲ ਤੁਹਾਨੂੰ ਪ੍ਰਬੰਧਨ ਕੀਤੇ ਜਾਣ ਵਾਲੀ ਸਮੱਗਰੀ ਦੀ ਮਾਤਰਾ ਨੂੰ ਘਟਾਉਣ ਵਿੱਚ ਮਦਦ ਮਿਲੇਗੀ।

## 7 ਜਾਣੋ ਕਿ ਕੀ ਕਿੱਥੇ ਜਾਂਦਾ ਹੈ!



ਸੈਂਕੜੇ ਕਿਸਮ ਦੀਆਂ ਚੀਜ਼ਾਂ ਦੇ ਨਿਪਟਾਰੇ ਦੀ ਜਾਣਕਾਰੀ ਲੱਭਣ ਲਈ ਵੇਸਟ ਵਿਜ਼ਾਰਡ ਦੀ ਵਰਤੋਂ ਕਰੋ! ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ਰਾਹੀਂ ਵੇਸਟ ਵਿਜ਼ਾਰਡ ਤੱਕ ਪਹੁੰਚ ਕਰੋ ਜਾਂ ਵੇਖੋ **abbotsford.ca/wastewizard**.

# ਕਾਰਟ ਟਿਕਾਉਣਾ

ਚੁੱਕੇ ਜਾਣ ਦੇ ਦਿਨ ਆਪਣੇ ਕਾਰਟਾਂ ਨੂੰ ਸਹੀ ਢੰਗ ਨਾਲ ਬਾਹਰ ਰੱਖਣਾ ਯਕੀਨੀ ਬਣਾਉਂਦਾ ਹੈ ਕਿ ਤੁਹਾਡੇ ਕਾਰਟ ਸੁਰੱਖਿਅਤ ਢੰਗ ਨਾਲ ਅਤੇ ਸਮਾਂ-ਸੂਚੀ ਅਨੁਸਾਰ ਚੁੱਕੇ ਜਾ ਸਕਦੇ ਹਨ। ਕਾਰਟਾਂ ਨੂੰ ਸਹੀ ਟਿਕਾਉਣਾ ਬਹੁਤ ਮਹੱਤਵਪੂਰਨ ਹੈ ਕਿਉਂਕਿ ਆਟੋਮੇਟਿਡ ਟਰੱਕ ਦੀ ਮਕੈਨੀਕਲ ਆਰਮ ਨੂੰ ਕਾਰਟ ਚੁੱਕਣ ਅਤੇ ਖਾਲੀ ਕਰਨ ਲਈ ਕਾਫ਼ੀ ਥਾਂ ਦੀ ਲੋੜ ਹੁੰਦੀ ਹੈ।





ਕਾਰਟਾਂ ਨੂੰ ਇੰਜ ਰੱਖੋ ਕਿ ਢੱਕਣ ਉੱਪਰਲੇ ਤੀਰ ਦਾ ਮੂੰਹ ਸੜਕ ਵੱਲ ਨੂੰ ਹੋਵੇ ਅਤੇ ਪਹੀਏ ਕਰਬ ਵੱਲ ਹੋਣ।

## ਫੌਰੀ ਨੁਕਤਾ

**ਇੱਕ ਮੀਟਰ ਲਗਭਗ ਇੱਕ ਬਾਂਹ ਦੀ ਲੰਬਾਈ ਜਿੰਨਾ ਹੈ।**


**ਕਾਰਟਾਂ ਅਤੇ ਸ਼ੀਸ਼ੇ ਵਾਲੇ ਬਿੰਨ ਵਿਚਕਾਰ 1 ਮੀਟਰ (3 ਫੁੱਟ) ਦੀ ਦੂਰੀ ਯਕੀਨੀ ਬਣਾਉ।**
ਬਹੁਤ ਨੇੜੇ ਨੇੜੇ ਇਕੱਠੇ ਰੱਖੇ ਕਾਰਟ ਚੁੱਕੇ ਨਹੀਂ ਜਾ ਸਕਦੇ।








**ਪਾਰਕ ਕੀਤੇ ਵਾਹਨਾਂ ਅਤੇ ਕਾਰਟਾਂ ਵਿਚਕਾਰ ਘੱਟੋ-ਘੱਟ 1 ਮੀਟਰ (3 ਫੁੱਟ) ਦੀ ਦੂਰੀ ਯਕੀਨੀ ਬਣਾਉ।**
ਗੱਡੀਆਂ ਦੇ ਬਹੁਤ ਨੇੜੇ ਰੱਖੇ ਕਾਰਟਾਂ ਨੂੰ ਚੁੱਕਿਆ ਨਹੀਂ ਜਾ ਸਕਦਾ।



**ਯਕੀਨੀ ਬਣਾਉ ਕਿ ਕਾਰਟ ਕਿਸੇ ਸਾਈਡਵਾਕ ਜਾਂ ਬਾਈਕ ਲੇਨ ਨੂੰ ਨਾ ਰੋਕਦੇ ਹੋਣ।**
ਸਾਈਡਵਾਕ ਅਤੇ ਬਾਈਕ ਲੇਨ ਤੱਕ ਰਸਤੇ ਨੂੰ ਹਰ ਸਮੇਂ ਖਾਲੀ ਰੱਖਣ ਦੀ ਲੋੜ ਹੈ।




**ਕਿਸੇ ਵੀ ਬਾਸਕਟਬਾਲ ਹੂਪ, ਬਿਜਲੀ ਵਗੈਰਾ ਦੇ ਖੰਭੇ, ਸਟਰੀਟ ਲਾਈਟ, ਫੈੱਂਸ ਆਦਿ ਤੋਂ ਘੱਟੋ-ਘੱਟ 1 ਮੀਟਰ** (3 ਫੁੱਟ) ਦੀ ਖਾਲੀ ਵਿੱਥ ਯਕੀਨੀ ਬਣਾਉ। ਇਹਨਾਂ ਚੀਜ਼ਾਂ ਦੇ ਬਹੁਤ ਨੇੜੇ ਰੱਖੇ ਕਾਰਟਾਂ ਨੂੰ ਚੁੱਕਿਆ ਨਹੀਂ ਜਾ ਸਕਦਾ।

## ਫੌਰੀ ਨੁਕਤਾ

ਕੂੜਾ ਚੁੱਕੇ ਜਾਣ ਦੇ ਦਿਨ ਹੂਪ ਸੜਕ ਦੀ ਪਟੜੀ ਤੋਂ ਪਰ੍ਹੇ ਕਰ ਦਿਉ!






# ਰੀਸਾਈਕਲਿੰਗ

## ਨੀਲੇ ਕਾਰਟਾਂ ਵਿੱਚ ਸਵੀਕਾਰ ਕੀਤਾ ਜਾਂਦੀ ਸਮੱਗਰੀ



- ਡਾਕ, ਲਿਫ਼ਾਫ਼ੇ ਅਤੇ ਦਫ਼ਤਰੀ ਕਾਗਜ਼ ਕਾਗਜ਼
- ਮੈਗਜ਼ੀਨ, ਕੈਟਾਲਾਗ ਅਤੇ ਫ਼ੋਨ ਬੁੱਕਾਂ
- ਅਖ਼ਬਾਰਾਂ ਅਤੇ ਫਲਾਇਰ
- ਬਾਕਸ ਬੋਰਡ ਪੈਕੇਜਿੰਗ
- ਪੀਜ਼ਾ ਬਾਕਸ (ਸਿਰਫ਼ ਸਾਫ਼ ਬਾਕਸ)
- ਮੋਮੀ ਬਾਕਸ ਬੋਰਡ
- ਕਾਗਜ਼ ਦੇ ਉਤਪਾਦਨ (ਪਾਰਟੀ ਦੀ ਸਜਾਵਟ, ਤੋਹਫ਼ੇ ਦੇ ਬੈਗ, ਗਿਫਟ ਰੈਪ ਅਤੇ ਬਕਸੇ)
- ਜਮਾਏ ਹੋਏ ਡਿਜ਼ਰਟ ਦੇ ਡੱਬੇ
- ਪਲਾਸਟਿਕ ਦੀਆਂ ਬੋਤਲਾਂ
- ਵੱਟਦਾਰ ਗੱਤੇ (ਫਿੱਟ ਕਰਨ ਲਈ ਚਪਟੇ ਕਰੋ)
- ਗੇਬਲ-ਟੌਪ ਅਤੇ ਟੈਟਰਾ ਕੰਟੇਨਰ
- ਐਲੂਮੀਨਮ ਫੌਇਲ ਅਤੇ ਪਾਈ ਪਲੇਟਾਂ
- ਧਾਤੂ ਦੇ ਡੱਬੇ ਅਤੇ ਟੀਨ
- ਖਾਲੀ ਐਰੋਸੋਲ ਕੈਨ
- ਡੱਟ, ਟਾਪ, ਢੱਕਣ ਅਤੇ ਪੰਪ
- ਪਲਾਸਟਿਕ ਦੇ ਪੀਣ ਵਾਲੇ ਕੱਪ ਅਤੇ ਢੱਕਣ
- ਪਲਾਸਟਿਕ ਕਟਲਰੀ ਅਤੇ ਸਟ੍ਰਾਅ
- ਸੁੱਟਣਯੋਗ ਪਲਾਸਟਿਕ ਹੈਂਗਰ
- ਪਲਾਸਟਿਕ ਦੇ ਕੰਟੇਨਰ (ਜਾਰ, ਪੌਦਿਆਂ ਦੇ ਪੌਟ, ਕਲੈਮਸ਼ੈੱਲ ਅਤੇ ਟੇਕਆਊਟ ਫੂਡ ਕੰਟੇਨਰ)
- ਮੋੜਨਯੋਗ ਬੈਵਰੇਜ ਕੰਟੇਨਰ

ਜੇਕਰ ਡਿੱਪੂ ਵਿੱਚ ਲਿਜਾਇਆ ਜਾਵੇ ਤਾਂ

## ਨੀਲੇ ਕਾਰਟਾਂ ਵਿੱਚ ਸਵੀਕਾਰ ਨਹੀਂ ਕੀਤਾ



- ਕੋਈ ਸ਼ੀਸ਼ਾ **ਨਹੀਂ**
- ਕੋਈ ਪਲਾਸਟਿਕ ਬੈਗ **ਨਹੀਂ**
- ਕੋਈ ਸਟਾਇਰੋਫੋਮ ਜਾਂ ਫੋਮ ਪੈਕੇਜਿੰਗ **ਨਹੀਂ**
- ਕੋਈ ਚਿੱਪ ਬੈਗ ਅਤੇ ਰੈਪਰ **ਨਹੀਂ**
- ਕੋਈ ਖਿੱਚੀ ਜਾਣ ਵਾਲੀ ਪਲਾਸਟਿਕ ਜਾਂ ਪਲਾਸਟਿਕ ਰੈਪ **ਨਹੀਂ**
- ਕੋਈ ਖਤਰਨਾਕ ਕੂੜਾ-ਕਰਕਟ **ਨਹੀਂ**
- ਕੋਈ ਨਰਮ ਜਾਂ ਸਖ਼ਤ ਜ਼ਿਲਦ ਵਾਲੀਆਂ ਕਿਤਾਬਾਂ **ਨਹੀਂ**
- ਕੋਈ ਪਲਾਸਟਿਕ ਦੇ ਖਿਡੌਣੇ **ਨਹੀਂ**
- ਕੋਈ ਪੇਂਟ ਅਤੇ ਤੇਲ ਦੇ ਡੱਬੇ **ਨਹੀਂ**
- ਕੋਈ ਕਾਲਾ ਗਾਰਬੇਜ ਬੈਗ ਜਾਂ ਨੀਲਾ ਰੀਸਾਈਕਲਿੰਗ ਬੈਗ **ਨਹੀਂ**

***ਤੁਹਾਡੇ ਨੀਲੇ ਕਾਰਟ ਵਿੱਚ ਅਸਵੀਕਾਰਯੋਗ ਸਮੱਗਰੀਆਂ ਦਾ ਨਤੀਜਾ ਇਹ ਹੋ ਸਕਦਾ ਕਿ ਤੁਹਾਡੇ ਕਾਰਟ ਨੂੰ ਚੁੱਕਿਆ ਨਾ ਜਾਵੇ ਜਾਂ ਸਿਟੀ ਦੇ ਸਾਲਿਡ ਵੇਸਟ ਮੈਨੇਜਮੈਂਟ ਬਾਈਲਾਅ 3642-2025 ਦੇ ਤਹਿਤ ਜੁਰਮਾਨਾ ਲਾਇਆ ਜਾ ਸਕਦਾ ਹੈ**

# ਆਪਣੇ ਰੀਸਾਈਕਲਯੋਗ ਸਮਾਨ ਨੂੰ ਕਿਵੇਂ ਤਿਆਰ ਕਰਨਾਂ

1




ਆਪਣੇ ਰੀਸਾਈਕਲਯੋਗ ਸਮਾਨ ਨੂੰ ਪਹਿਲਾਂ ਧੋਵੋ, ਸਾਫ਼ ਕਰੋ ਅਤੇ ਸੁਕਾਉ।ਢੱਕਣ ਅਤੇ ਪੰਪ ਲਾਹ ਦਿਉ

2



ਆਈਟਮਾਂ ਨੂੰ ਸਿੱਧੇ ਨੀਲੇ ਕਾਰਟ ਵਿੱਚ ਰੱਖੋ। ਰੀਸਾਈਕਲਯੋਗ ਸਮਾਨ ਨੂੰ ਬੈਗ 'ਚ ਨਾ ਪਾਉ।

3




ਭੋਜਨ, ਗਰੀਸ ਅਤੇ ਤਰਲ ਪਦਾਰਥਾਂ ਨਾਲ ਲਿੱਬੜੀਆਂ ਚੀਜ਼ਾਂ ਨੂੰ ਨੀਲੇ ਕਾਰਟ ਤੋਂ ਬਾਹਰ ਹੀ ਰੱਖੋ।

4



ਥਾਂ ਬਚਾਉਣ ਲਈ ਸਮੱਗਰੀ ਨੂੰ ਚਪਟਾ ਕਰੋ।



ਕੁਤਰਾ ਕੀਤੇ ਕਾਗਜ਼ ਨੂੰ ਪੇਪਰ ਬੈਗ ਜਾਂ ਬਾਕਸ ਵਿਚ ਪਾਉ।

## ਫੌਰੀ ਨੁਕਤਾ

ਕੂੜ-ਕਬਾੜ ਨੂੰ ਸਹੀ ਢੰਗ ਨਾਲ ਅੱਡ ਅੱਡ ਕਰੋ! ਜੇਕਰ ਤੁਹਾਡੇ ਰੀਸਾਇਕਲਿੰਗ ਕਾਰਟ ਵਿਚ ਬਹੁਤ ਸਾਰੀ ਗਲਤ ਕਿਸਮ ਦੀ ਸਮੱਗਰੀ ਪਾਈ ਗਈ ਹੈ ਤਾਂ ਹੋ ਸਕਦਾ ਤੁਹਾਡਾ ਕਾਰਟ ਚੁੱਕਿਆ ਨਾ ਜਾਵੇ ਅਤੇ ਤੁਹਾਨੂੰ ਜ਼ੁਰਮਾਨਾ ਵੀ ਹੋ ਸਕਦਾ ਹੈ! ਕੀ ਕਿੱਥੇ ਜਾਂਦਾ ਹੈ ਇਹ ਪਤਾ ਲਗਾਉਣ ਲਈ ਵੇਸਟ ਵਿਜ਼ਾਰਡ ਦੀ ਵਰਤੋਂ ਕਰੋ। ਇਸ ਤੱਕ ਕਰਬਸਾਈਡ ਕੁਲੈਕਸ਼ਨ ਐਪ ਰਾਹੀਂ ਜਾਂ ਆਨਲਾਈਨ abbotsford.ca/wastewizard 'ਤੇ ਪਹੁੰਚ ਕਰੋ।

# ਸ਼ੀਸ਼ਾ ਰੀਸਾਈਕਲ ਕਰਨਾਂ

ਸ਼ੀਸ਼ੇ ਨੂੰ ਸਲੇਟੀ ਰੰਗ ਦੇ ਬਿੰਨ ਵਿੱਚ ਵੱਖਰੇ ਤੌਰ 'ਤੇ ਅਤੇ ਹੱਥੀਂ ਚੁੱਕਿਆ ਜਾਂਦਾ ਹੈ। ਸ਼ੀਸ਼ਾ ਹਰੇਕ ਦੂਸਰੇ ਹਫਤੇ, ਉਸੇ ਦਿਨ ਜਿਸ ਦਿਨ ਰੀਸਾਈਕਲਿੰਗ ਸਮਾਨ, ਚੁੱਕਿਆ ਜਾਂਦਾ ਹੈ ।ਸ਼ੀਸੇ ਦੀਆਂ ਬੋਤਲਾਂ ਅਤੇ ਜਾਰ ਵੀ ਰੀਸਾਈਕਲਿੰਗ ਡਿੱਪੋ ਵਿੱਚ ਸਵੀਕਾਰ ਕੀਤੇ ਜਾਂਦੇ ਹਨ।

**ਸਵੀਕਾਰ:**

ਸ਼ੀਸ਼ੇ ਦੀਆਂ ਬੋਤਲਾਂ ਅਤੇ ਜਾਰ।



ਸ਼ੀਸ਼ੇ ਦੇ ਕੰਟੇਨਰ ਖਾਲੀ ਅਤੇ ਹੰਗਾਲ਼ੇ ਗਏ ਹੋਣ।

ਢੱਕਣ ਉਤਾਰ ਕੇ ਰੀਸਾਈਕਲ ਕਾਰਟ ਵਿਚ ਪਾਉ।



**ਸਵੀਕਾਰ ਨਹੀਂ:**

ਡਿੱਸ਼ਾਂ, ਗਲਾਸਵੇਅਰ ਅਤੇ ਕੁੱਕਵੇਅਰ



ਟੁੱਟਿਆ ਸ਼ੀਸ਼ਾ



ਖਿੜਕੀਆਂ ਅਤੇ ਮੂੰਹ ਵੇਖਣ ਵਾਲੇ ਸ਼ੀਸ਼ੇ



## ਫੌਰੀ ਨੁਕਤਾ


ਸੜਕ ਦੇ ਕਿਨਾਰੇ ਰੱਖੇ ਗਏ ਸ਼ੀਸ਼ੇ ਵਾਲੇ ਬਿੰਨ, ਜਿਨ੍ਹਾਂ ਵਿੱਚ ਅਸਵੀਕਾਰਯੋਗ ਸਮੱਗਰੀ ਹੈ, ਨੂੰ ਚੁੱਕਿਆ ਨਹੀਂ ਜਾਵੇਗਾ।

# ਡਿਪੂ ਰੀਸਾਈਕਲਿੰਗ

ਇਹ ਵਸਤਾਂ ਸੜਕ ਕਿਨਾਰਿਉਂ ਚੁੱਕਣ ਵਾਲੇ ਪ੍ਰੋਗਰਾਮ ‘ਚ ਮਨਜ਼ੂਰ ਨਹੀਂ ਹਨ ਅਤੇ ਇਹ ਕਿਸੇ ਰੀਸਾਇਕਲਿੰਗ ਡਿੱਪੂ ਜਾਂ ਸੁੱਟਣ ਵਾਲੀ ਕਿਸੇ ਹੋਰ ਥਾਂ ‘ਤੇ ਮੁਫਤ ਸੁੱਟੀਆਂ ਜਾ ਸਕਦੀਆਂ ਹਨ। **abbotsford.ca/wastewizard** ‘ਤੇ ਡਿੱਪੂ ਸਥਾਨਾਂ ਬਾਰੇ ਭਾਲ ਕਰੋ।





ਕਿਤਾਬਾਂ (ਸਖਤ ਅਤੇ ਨਰਮ ਕਵਰ)


ਫੋਮ ਪੈਕਜਿੰਗ (ਫੋਮ ਮੀਟ ਟਰੇਆਂ, ਟੇਕਆਉਟ ਕੰਟੇਨਰ, ਕੱਪ ਅਤੇ ਇਲੈਕਟ੍ਰਾਨਿਕਸ ਸਮਾਨ ਦੀ ਗੱਦੀਦਾਰ ਪੈਕੇਜਿੰਗ)




ਪਲਾਸਟਿਕ ਬੈਗ (ਗਰੌਸਰੀ ਬੈਗ, ਨੀਲੇ ਰੀਸਾਈਕਲਿੰਗ ਬੈਗ ਅਤੇ ਵੈਕਿਊਮ ਸੀਲ ਬੈਗ)



ਪਲਾਸਟਿਕ ਦੀ ਜਾਲੀਦਾਰ ਪੈਕੇਜਿੰਗ




ਝੁਰੀਦਾਰ ਰੈਪਰ ਅਤੇ ਬੈਗ


ਖੜੇ ਰੁਖ ਦੇ ਜ਼ਿੱਪਰ ਲਾਕ ਗੁਥਲੇ


ਪਲਾਸਟਿਕ ਰੈਪ ਅਤੇ ਓਵਰਰੈਪ



ਪਲਾਸਟਿਕ ਸੀਲ ਵਾਲੀ ਲਚਕਦਾਰ ਪੈਕੇਜਿੰਗ



ਸੈਂਡਵਿਚ ਅਤੇ ਫ੍ਰੀਜ਼ਰ ਬੈਗ



ਖਾਣਾ ਪਕਾਉਣ ਦੇ ਤੇਲ



ਪੇਂਟ ਅਤੇ ਸਪਰੇਅ ਪੇਂਟ



ਘੋਲਣਸ਼ੀਲ, ਜਲਣਸ਼ੀਲ ਅਤੇ ਕੀਟਨਾਸ਼ਕ



ਬੈਟਰੀਆਂ


ਲਾਈਟਿੰਗ ਅਤੇ ਲਾਈਟਿੰਗ ਸਟ੍ਰਿੰਗ



ਬੈਟਰ ਬਿਜਲੀ ਦੇ ਬੱਲਬ


ਥਰਮੋਸਟੈਟ ਅਤੇ ਸਮੋਕ ਅਲਾਰਮ


ਛੋਟੇ ਇਲੈਕਟ੍ਰਾਨਿਕਸ ਅਤੇ ਸੈੱਲ ਫ਼ੋਨ



ਸਕ੍ਰੈਪ ਧਾਤ


ਦਵਾਈਆਂ ਅਤੇ ਤਿੱਖੀਆਂ ਵਸਤਾਂ



ਛੋਟੇ ਉਪਕਰਣ ਅਤੇ ਪਾਵਰ ਟੂਲ



ਟਾਇਰ



ਬੈਵਰੇਜ ਕੰਟੇਨਰ




ਪੋਲੀ ਗੱਦੀਦਾਰ ਪੈਕੇਜਿੰਗ ਅਤੇ ਬੁਲਬੁਲੇਦਾਰ ਰੈਪ


ਵੱਡੇ ਉਪਕਰਨ


ਕਸਰਤ ਵਾਲੀਆਂ ਮਸ਼ੀਨਾਂ


ਆਊਟਡੋਰ ਪਾਵਰ ਟੂਲ


ਪ੍ਰੋਪੇਨ ਟੈਂਕ


ਪਲਾਸਟਿਕ ਡਰਾਪ ਸ਼ੀਟਾਂ ਜਾਂ ਕਵਰ

## ਫੌਰੀ ਨੁਕਤਾ



ਖਤਰਨਾਕ ਸਮਾਨ ਜਿਵੇਂ ਬੈਟਰੀਆਂ ਅਤੇ ਪ੍ਰੋਪੇਨ ਟੈਂਕੀਆਂ ਜਦੋਂ ਰੀਸਾਈਕਲ ਵਾਲੇ ਸਮਾਨ ‘ਚ ਰੱਖੀਆਂ ਜਾਂਦੀਆਂ ਹਨ ਤਾਂ ਅੱਗ ਲਗਾ ਸਕਦੀਆਂ ਜਾਂ ਫਟ ਸਕਦੀਆਂ ਹਨ। ਯਕੀਨੀ ਬਣਾਉ ਕਿ ਇਹ ਵਸਤਾਂ ਸੁਰੱਖਿਅਤ ਢੰਗ ਨਾਲ ਰੀਸਾਈਕਲ ਕਰਨ ਲਈ **ਹਮੇਸ਼ਾ** ਕਿਸੇ ਡਿੱਪੂ ‘ਤੇ ਲਿਜਾਈਆਂ ਜਾਣ।

# ਰੀਸਾਈਕਲਿੰਗ ਪ੍ਰਦੂਸ਼ਤਤਾ

ਅਸਵੀਕਾਰਯੋਗ ਸਮੱਗਰੀ, ਜਿਵੇਂ ਪਲਾਸਟਿਕ ਬੈਗ, ਗਾਰਬੇਜ, ਕੰਪੋਸਟ ਅਤੇ ਖਤਰਨਾਕ ਸਮੱਗਰੀ (ਬੈਟਰੀਆਂ, ਪ੍ਰੋਪੇਨ ਕੈਨਿਸਟਰ, ਤਿੱਖਾ ਮੈਡੀਕਲ ਸਮਾਨ/ਸੂਈਆਂ), ਵਰਕਰਾਂ ਲਈ ਅਣਸੁਰੱਖਿਅਤ ਹਾਲਤਾਂ ਪੈਦਾ ਕਰਦੀ, ਅੱਡ ਅੱਡ ਕਰਨ ਵਾਲੀਆਂ ਮਸ਼ੀਨਾਂ ਦਾ ਨੁਕਸਾਨ ਕਰਦੀ ਅਤੇ ਸਮੱਗਰੀ ਦੀ ਕੁਆਲਿਟੀ ਨੂੰ ਅਤੇ ਉਸਦੀ ਰੀਸਾਈਕਲ-ਯੋਗਤਾ ਨੂੰ ਘਟਾਉਂਦੀ ਹੈ। ਰੀਸਾਈਕਲਿੰਗ ਰੈਗੂਲੇਸ਼ਨਾਂ ਅਨੁਸਾਰ ਸਿਟੀ ਨੂੰ ਆਪਣੀ ਪ੍ਰਦੂਸ਼ਤਤਾ ਦੀ ਦਰ ਨੂੰ 5.5% ਤੋਂ ਥੱਲੇ ਲਿਆਉਣ ਦੀ ਜ਼ਰੂਰਤ ਹੈ ਜਾਂ ਫਿਰ ਭਾਰੀ ਜੁਰਮਾਨੇ ਲੱਗਣਗੇ।

ਨੀਲੇ ਕਾਰਟਾਂ ਵਿਚਲੀ ਪ੍ਰਦੂਸ਼ਤਤਾ ਉਸ ਸਮੱਗਰੀ ਦੀ ਮਾਤਰਾ ਨੂੰ ਵੀ ਵਧਾਉਂਦੀ ਹੈ ਜੋ ਲੈਂਡਫਿੱਲ 'ਚ ਭੇਜੀ ਜਾਂਦੀ ਹੈ। ਇੱਥੋਂ ਤੱਕ ਕਿ ਕੁਝ ਪ੍ਰਾਡਕਟਾਂ ਨਾਲ ਲੱਗੀ ਰਹਿ ਜਾਂਦੀ ਪੈਕੇਜਿੰਗ ਵੀ ਪ੍ਰਦੂਸ਼ਤਤਾ 'ਚ ਵਾਧਾ ਕਰਦੀ ਹੈ।


ਸਫਾ 8 ਉਪਰ ਦਿੱਤੇ ਗਏ ਨੁਕਤਿਆਂ ਨੂੰ ਅਪਣਾਉਂਦਿਆਂ ਹੋਇਆਂ ਕਿਰਪਾ ਕਰਕੇ ਆਪਣੇ ਰੀਸਾਈਕਲਿੰਗ ਨੂੰ ਸਹੀ ਤਰੀਕੇ ਨਾਲ ਅੱਡ ਅੱਡ ਕਰੋ ਅਤੇ ਤਿਆਰ ਕਰੋ।ਜੇਕਰ ਤੁਹਾਨੂੰ ਯਕੀਨੀ ਨਹੀਂ ਕਿ ਕਿਸੇ ਵਸਤ ਨੂੰ ਕਿਵੇਂ ਸੁੱਟਣਾ ਹੈ, ਇਹ ਪਤਾ ਲਗਾਉਣ ਲਈ ਵੇਸਟ ਵਿਜ਼ਾਰਡ ਦੀ ਵਰਤੋਂ ਕਰੋ ਜੋ ਕਰਬਸਾਈਡ ਕੁਲੈਕਸ਼ਨ ਐਪ ਜਾਂ ਆਨਲਾਈਨ abbotsford.ca/wastewizard 'ਤੇ ਉਪਲਬਧ ਹੈ।

ਸਾਲਿਡ ਵੇਸਟ ਮੈਨੇਜਮੈਂਟ ਬਾਈ-ਲਾਅ, 3642-2025 ਤਹਿਤ ਬਾਰ ਬਾਰ ਹੁੰਦੀ ਪ੍ਰਦੂਸ਼ਤਤਾ ਦਾ ਨਤੀਜਾ ਨੀਲੇ ਬਿੰਨ ਨਾ ਚੁੱਕੇ ਜਾਣਾ ਅਤੇ 500 ਡਾਲਰ ਤੱਕ ਦੇ ਜੁਰਮਾਨਿਆਂ 'ਚ ਨਿਕਲ ਸਕਦਾ ਹੈ।

## ਸਿਰੇ ਦੇ ਪ੍ਰਦੂਸ਼ਣਕਾਰ

ਇਹ ਸਾਡੇ ਨੀਲੇ ਕਾਰਟਾਂ 'ਚ ਸਿਰੇ ਦੇ ਪ੍ਰਦੂਸ਼ਣਕਾਰ ਹਨ। ਇਹ ਵਸਤਾਂ ਨੀਲੇ ਬਿੰਨਾਂ 'ਚ ਸਵੀਕਾਰ ਨਹੀਂ ਕੀਤੀਆਂ ਜਾਂਦੀਆਂ। ਕਿਰਪਾ ਕਰਕੇ ਇਨ੍ਹਾਂ ਨੂੰ ਸਹੀ ਢੰਗ ਨਾਲ ਸੁੱਟੋ।

## ✕ ਨੀਲੇ ਕਾਰਟਾਂ ਵਿੱਚ ਸਵੀਕਾਰ ਨਹੀਂ ਕੀਤਾ ਜਾਂਦਾ*

| | | | |
|---|---|---|---|
| ਪਲਾਟਿਕ ਦੇ ਪਦਾਰਥ |  | ਲਾਂਡਰੀ ਟੋਕਰੀਆਂ, ਖਿਡੌਣੇ, ਟੱਪਰਵੇਅਰ ਕੰਟੇਨਰ, ਦੁਬਾਰਾ ਵਰਤੇ ਜਾਣ ਵਾਲੀਆਂ ਬੋਤਲਾਂ | ਡਿਪੂ 'ਚ ਲੈ ਕੇ ਜਾਉ |
| ਸਕਰੈਪ ਕੀਤੀ ਧਾਤ |  | ਕਾਰਾਂ/ਗੱਡੀਆਂ ਦੇ ਪੁਰਜੇ, ਕਿੱਲ, ਪੇਚ, ਪੌਟ, ਪੈਨ | ਡਿਪੂ 'ਚ ਲੈ ਕੇ ਜਾਉ |
| ਕਿਤਾਬਾਂ |  | ਸਖਤ ਅਤੇ ਨਰਮ ਕਵਰ ਵਾਲੀਆਂ | ਡਿਪੂ 'ਚ ਲੈ ਕੇ ਜਾਉ |
| ਇਲੈਕਟ੍ਰਾਨਿਕਸ |  | ਛੋਟੇ ਉਪਰਕਰਣ, ਸੈੱਲ ਫੋਨ, ਕੰਪਿਊਟਰ, ਟੈਬਲਿੱਟਾਂ, ਲਾਈਟ ਸਟ੍ਰਿੰਗ, ਬੈਟਰੀਆਂ | ਡਿਪੂ 'ਚ ਲੈ ਕੇ ਜਾਉ |
| ਟਿਸ਼ੂ ਅਤੇ ਪੇਪਰ ਟਾਵਲ |  | ਲਿੱਬੜੇ ਟਿਸ਼ੂ, ਪੇਪਰ ਟਾਵਲ ਅਤੇ ਪੇਪਰ ਨੈਪਕਿਨ | ਕੰਪੋਸਟ ਕਾਰਟ ਵਿਚ ਪਾਉ |

# ਕੰਪੋਸਟਯੋਗ ਸਮੱਗਰੀ


## ਹਰੇ ਕਾਰਟਾਂ 'ਚ ਸਵੀਕਾਰ


ਮੀਟ, ਹੱਡੀਆਂ
ਅਤੇ ਮੱਛੀ



ਬਰੈਡ ਅਤੇ ਬੇਕ
ਕੀਤੀਆਂ ਚੀਜ਼ਾਂ



ਪਾਸਤਾ ਅਤੇ ਅਨਾਜ


ਡੇਅਰੀ ਉਤਪਾਦਨ


ਪੇਪਰ ਬੈਗ
ਅਤੇ ਅੰਦਰਸ



ਫਲ ਅਤੇ ਸਬਜ਼ੀਆਂ


ਅੰਡਿਆਂ ਦੇ ਛਿੱਕੜ, ਆਂਡੇ ਅਤੇ
ਗਿਰੀਆਂ ਦੇ ਛਿਲਕੇ



ਪੀਠੀ ਕੌਫੀ ਅਤੇ
ਫਿਲਟਰ, ਟੀ ਬੈਗ


ਪਲੇਟਾਂ ਦੀ ਰਹਿੰਦ-ਖੂੰਹਦ



ਸਲਾਦ ਅਤੇ ਡਰੈਸਿੰਗ



ਸੁੱਟਣਯੋਗ ਲੱਕੜੀ ਦੀਆਂ ਵਸਤਾਂ (ਪਾਪਸਿਕਲ ਸਟਿੱਕਾਂ,
ਟੁੱਥਪਿੱਕਸ, ਚੌਪ ਸਟਿੱਕਾਂ ਅਤੇ ਕੱਟਲਰੀ)


ਕੌਂਡੀਮੈਂਟ, ਸੌਸਾਂ,
ਗਰੇਵੀ ਅਤੇ ਜੈਮ



ਭੋਜਨ ਨਾਲ ਲਿੱਬੜੇ ਪੇਪਰ


ਥੋੜ੍ਹੀ ਮਾਤਰਾ 'ਚ ਖਾਣਾ
ਪਕਾਉਣ ਵਾਲਾ ਤੇਲ ਜਾਂ ਪੇਪਰਾਂ
'ਚ ਜੀਰਿਆ ਥਿੰਦਾ


ਪੀਜ਼ਾ ਬਾਕਸ (ਲਿਬੜੇ ਹੋਏ)


ਕੱਟਿਆ ਘਾਹ, ਪੱਤੇ
ਅਤੇ ਨਦੀਨ


ਟਾਹਣੀਆਂ


ਲਿੱਬੜੇ ਟਿਸ਼ੂ, ਪੇਪਰ ਟਾਵਲ
ਅਤੇ ਪੇਪਰ ਨੈਪਕਿਨ

### ਫੌਰੀ ਨੁਕਤਾ

**ਰਸੋਈ ਵਿਚਲੇ ਕੰਟੇਨਰ ਅਤੇ ਹਰੇ ਕਾਰਟ ਨੂੰ ਸਾਫ ਕਿਵੇਂ ਰੱਖਣਾ, ਇਸ ਬਾਰੇ ਨੁਕਤੇ ਲੈਣ ਲਈ ਵੇਖ abbotsford.ca/carts.**

## ਹਰੇ ਕਾਰਟਾਂ 'ਚ ਸਵੀਕਾਰ ਨਹੀਂ*


ਕੋਈ ਪਲਾਸਟਿਕ ਬੈਗ **ਨਹੀਂ** (ਇਥੋਂ
ਤੱਕ ਕਿ ਬਾਇਓਡੀਗਰੇਡੇਬਲ ਜਾਂ
ਕੰਪੋਸਟੇਬਲ ਪਲਾਸਟਿਕ)


ਪਾਲਤੂਆਂ ਦਾ ਕੂੜ-ਕਬਾੜ ਜਾਂ
ਬਿੱਲੀਆਂ ਦਾ ਗੰਦ ਮੰਦ **ਨਹੀਂ**


ਕੋਈ ਡਾਇਪਰ, ਕੋਈ ਸੈਨੇਟਰੀ
ਵਾਈਪ ਜਾਂ ਸਫਾਈ ਵਾਲੇ ਵਾਈਪ
ਨਹੀਂ


ਕੋਈ ਟ੍ਰੀਟ ਕੀਤਾ ਜਾਂ ਮੁਕੰਮਲ
(ਪੇਂਟ ਕੀਤਾ, ਰੰਗਿਆ)
ਲੱਕੜ ਨਹੀਂ


*ਅਸਵਚਆਂ ਨੂੰ ਸ਼ਾਮਲ ਕਰਨ ਦੇ ਨਤੀਜੇ ਵਜੋਂ ਤੁਹਾਡੇ ਕਾਰਟ ਨੂੰ ਚੁੱਕਣੋ ਛੱਡਿਆ ਜਾ ਸਕਦਾ ਹੈ ਜਾਂ ਸਿਟੀ ਦੇ ਸਾਲਿਡ ਵੇਸਟ ਮੈਨੇਜਮੈਂਟ ਬਾਈਲਾਅ, 3114-2021 ਦੇ ਤਹਿਤ ਜੁਰਮਾਨਾ ਜਾਰੀ ਕੀਤਾ ਜਾ ਸਕਦਾ ਹੈ।


# ਗਾਰਬੇਜ


## ਫੌਰੀ ਨੁਕਤਾ


ਸਾਰਾ ਸਮਾਨ ਜ਼ਰੂਰੀ ਤੌਰ 'ਤੇ ਕਾਰਟ ਦੇ ਵਿਚ ਢੱਕਣ ਬੰਦ ਕਰਕੇ ਰੱਖਿਆ ਜਾਵੇ। ਬਾਹਰ ਡੁੱਲ੍ਹਦੇ ਕਾਰਟ ਅਤੇ ਕਾਰਟਾਂ ਤੋਂ ਬਾਹਰ ਰੱਖਿਆ ਸਮਾਨ ਚੁੱਕਿਆ ਨਹੀਂ ਜਾਵੇਗਾ।


## ਸੁਰਮੇ ਰੰਗੇ ਕਾਰਟਾਂ 'ਚ ਸਵੀਕਾਰ ਸਮਾਨ



6 ਪੈਕ ਬੈਵਰੇਜ ਕੈਨਾਂ ਤੋਂ ਲੱਥੇ ਪਲਾਸਟਿਕ ਰਿੰਗ



ਟੁੱਟੀ ਹੋਈ ਚੀਨੀ ਜਾਂ ਕੱਚ ਦੇ ਬਰਤਨ


ਸਿਗਰਟਾਂ ਦੇ ਟੋਟੇ ਅਤੇ ਸੁਆਹ



ਡਾਇਪਰ (ਬੈਗ 'ਚ ਬੰਨ੍ਹੇ ਹੋਏ)



ਡਰਾਇਅਰ ਲਿੰਟ ਅਤੇ ਡਰਾਇਅਰ ਸ਼ੀਟਾਂ



ਬੇਬੀ ਵਾਈਪ ਅਤੇ ਕਲੀਨਿੰਗ ਵਾਈਪ


ਵੈਕਿਊਮ ਕਲੀਨਰ ਬੈਗ ਅਤੇ ਕੂੜਾ


ਏਅਰ ਫੈਲਟਰ



ਬਿੱਲੀਆਂ ਦਾ ਗੰਦ ਮੰਦ ਅਤੇ ਪਾਲਤੂਆਂ ਦਾ ਕੂੜ-ਕਬਾੜ (ਬੈਗ 'ਚ ਬੰਨ੍ਹੇ ਹੋਏ)


ਪਲਾਸਟਿਕ ਦੇ ਖਿਡੌਣੇ




ਪੀ ਵੀ ਸੀ/ਵਿਨਾਇਲ (ਪੀ ਵੀ ਸੀ ਪਾਈਪ ਅਤੇ ਵਿਨਾਇਲ ਸਾਈਡਿੰਗ)


ਕੰਪੋਸਟਯੋਗ ਅਤੇ ਬਾਇਓਡੀਗਰੇਡੇਬਲ ਪਲਾਸਟਿਕ ਬੈਗ


ਰੂੰ ਦੇ ਗੋਲੇ, ਫੰਬੇ, ਡੈਂਟਲ ਫਲਾਸ ਅਤੇ ਸੈਨੇਟਰੀ ਉਤਪਾਦਨ


ਸੁੱਟਣਯੋਗ ਮਾਸਕ ਅਤੇ ਦਸਤਾਨੇ


ਪਲਾਸਟਿਕ ਟੁੱਥਬਰੱਸ਼ ਅਤੇ ਟੁੱਥਪੇਸਟ ਟਿਊਬਾਂ

## ਫੌਰੀ ਨੁਕਤਾ

**ਕਈ ਚੀਜ਼ਾਂ ਸੁੱਟ ਦੇਣ ਦੀ ਬਜਾਏ ਮੁੜ-ਵਰਤੋਂ ਲਈ ਛੱਡੀਆਂ ਜਾ ਸਕਦੀਆਂ ਜਾਂ ਰੀਸਾਈਕਲ ਕੀਤੀਆਂ ਜਾ ਸਕਦੀਆਂ ਹਨ। ਅਜਿਹੀਆਂ ਚੀਜ਼ਾਂ ਨੂੰ ਦੋਸਤਾਂ ਜਾਂ ਪਰਿਵਾਰਾਂ ਨੂੰ ਦੇਣ ਬਾਰੇ ਜਾਂ ਫੇਸਬੁੱਕ ਮਾਰਕੀਟਪਲੇਸ, ਕਰੇਗਜ਼ਲਿਸਟ, ਫਰੀਸਾਈਕਲ ਜਾਂ ਕਿਜੀਜੀ 'ਤੇ ਪਾਈਆਂ ਜਾਣ ਬਾਰੇ ਸੋਚੋ। ਲੈਂਡਫਿਲ 'ਚ ਜਾਣ ਵਾਲੇ ਕੂੜ-ਕਬਾੜ ਦੀ ਮਾਤਰਾ ਨੂੰ ਘਟਾਉਣ ਲਈ ਆਪਣਾ ਹਿੱਸਾ ਅਦਾ ਕਰੋ!**

# ਜੰਗਲੀ ਜਾਨਵਰ ਅਤੇ ਕੂੜ-ਕਬਾੜ

## ਜੰਗਲੀ ਜਾਨਵਰਾਂ ਦੇ ਹੁੰਦਿਆਂ ਹੋਇਆਂ ਨਾਲ ਵੱਸਣਾ

ਬਹੁਤ ਸਾਰੇ ਜੰਗਲੀ ਜਾਨਵਰ ਜੋ ਐਬਟਸਫੋਰਡ 'ਚ ਟੱਕਰਦੇ ਹਨ ਉਨ੍ਹਾਂ ਨੂੰ ਅਸੀਂ ਆਪਣਾ ਕੂੜ-ਕਬਾੜ ਅਤੇ ਉਨ੍ਹਾਂ ਨੂੰ ਸੱਦਾ ਦੇਣ ਵਾਲੇ ਹੋਰ ਪਦਾਰਥਾਂ ਨੂੰ ਸਹੀ ਢੰਗ ਨਾਲ ਨਿਪਟਾਉਣ ਦੀ ਆਪਣੀ ਜ਼ਿੰਮੇਵਾਰੀ ਸਮਝਣ ਦੁਆਰਾ ਰੋਕ ਸਕਦੇ ਹਾਂ। ਜੰਗਲੀ ਜੀਵ ਦਿਸਣ ਜਾਂ ਭਾਲੂਆਂ, ਕੂਗਰਾਂ ਅਤੇ ਕਯੋਟੀਆਂ ਦੇ ਟੱਕਰਨ ਨਾਲ ਜਿੱਥੇ ਪਬਲਿਕ ਸੁਰੱਖਿਆ ਫਿਕਰ ਬਣਦੀ ਹੋਵੇ, ਦੀ ਕੰਜ਼ਰਵੇਸ਼ਨ ਅਫਸਰ ਸਰਵਿਸ ਦੀ ਰਿਪੋਰਟਿੰਗ ਲਾਈਨ 1-877-952-7277 'ਤੇ ਝਟਪਟ ਰਿਪੋਰਟ ਕਰਨੀ ਚਾਹੀਦੀ ਹੈ।

## ਗਾਰਬੇਜ਼ ਅਤੇ ਫੂਡ ਰਹਿੰਦ-ਖਹੂੰਦ ਨੂੰ ਕਿਵੇਂ ਨਿਪਟਾਉਣਾ

ਇਸਨੂੰ ਘਟਾਉ – ਗਾਰਬੇਜ ਨਾਲ ਨਿਪਟਣ ਦਾ ਸਭ ਤੋਂ ਚੰਗਾ ਤਰੀਕਾ ਹੈ ਇਸ ਨੂੰ ਪਹਿਲੇ ਕਦਮ 'ਤੇ ਹੀ ਪੈਦਾ ਨਾ ਹੋਣ ਦੇਣਾ। ਰੀਸਾਈਲਿੰਗ ਅਤੇ ਭੋਜਨ ਦੀ ਪਲੈਨਿੰਗ ਕਰਨ ਦੁਆਰਾ ਗਾਰਬੇਜ ਅਤੇ ਖਾਧ-ਪਦਾਰਥਾਂ ਦੇ ਕੂੜੇ ਤੋਂ ਪਰਹੇਜ਼ ਉਸ ਸਮੱਗਰੀ ਨੂੰ ਘਟਾਉਂਦਾ ਹੈ ਜਿਸਦਾ ਤੁਹਾਨੂੰ ਨਿਪਟਾਰਾ ਕਰਨ ਦੀ ਲੋੜ ਹੁੰਦੀ ਹੈ।

ਇਸਨੂੰ ਸਟੋਰ ਕਰੋ – ਚੁੱਕੇ ਜਾਣ ਦੀ ਸਵੇਰ ਤੱਕ ਕੂੜਾ ਸਮੱਗਰੀ ਨੂੰ ਅੰਦਰਵਾਰ ਜਾਂ ਕਿਸੇ ਸੁਰੱਖਿਅਤ ਥਾਂ 'ਚ ਰੱਖੀ ਰੱਖੋ।

ਇਸਨੂੰ ਜਮਾਉ – ਮੁਸ਼ਕ ਘਟਾਉਣ ਲਈ, ਖਾਧ-ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਚੁੱਕੇ ਜਾਣ ਦੀ ਸਵੇਰ ਤੱਕ ਫਰੀਜ਼ ਕਰੀ ਰੱਖੋ। ਤੁਸੀਂ ਮੁਸ਼ਕ ਅਤੇ ਮਿਕਦਾਰ ਨੂੰ ਘਟਾਉਣ ਲਈ ਖਾਧ-ਪਦਾਰਥਾਂ ਦੀ ਰਹਿੰਦ ਖੂੰਹਦ ਨੂੰ ਅਖਬਾਰਾਂ ਜਾਂ ਪੇਪਰ ਬੈਗਾਂ 'ਚ ਵੀ ਲਪੇਟ ਸਕਦੇ ਹੋ।

ਇਸਨੂੰ ਸਾਫ ਕਰੋ – ਕੂੜਾ ਚੁੱਕੇ ਜਾਣ ਮਗਰੋਂ ਆਪਣੇ ਕਾਰਟ ਨੂੰ ਨਰਮ ਜਿਹੇ ਸਾਬਣ ਜਾਂ ਸਿਰਕੇ ਨਾਲ ਹੰਗਾਲ਼ੋ ਜਾਂ ਧੋਵੋ। ਇਸ ਨਾਲ ਮੁਸ਼ਕ ਨੂੰ ਘਟਾਉਣ 'ਚ ਮਦਦ ਮਿਲੇਗੀ।


## ਜੰਗਲੀ ਜੀਵਾਂ ਨੂੰ ਖਿੱਚਣ ਵਾਲੀਆਂ ਹੋਰ ਚੀਜ਼ਾਂ ਦਾ ਪ੍ਰਬੰਧਨ ਕਿਵੇਂ ਕੀਤਾ ਜਾਵੇ




ਬਾਹਰ ਰੱਖੇ ਫਰੀਜ਼ਰ ਅਤੇ ਫਰਿੱਜ ਹਟਾ ਲਉ



ਪਾਲਤੂਆਂ ਦੇ ਫੂਡ ਨੂੰ ਹਮੇਸ਼ਾਂ ਅੰਦਰ ਰੱਖੋ




ਅਪਰੈਲ ਤੋਂ ਨਵੰਬਰ ਤੱਕ ਜਨਵਰਾਂ ਦੇ ਫੀਡਰ ਹਟਾ ਲਉ



ਫਲ ਜਿਸ ਵੇਲੇ ਵੀ ਪੱਕ ਜਾਣ, ਤੋੜ ਲਉ



ਹਰੇਕ ਵਾਰੀ ਵਰਤਣ ਪਿੱਛੋਂ ਬਾਰਬੀਕਿਊ ਨੂੰ ਸਾਫ ਕਰੋ



ਆਪਣੇ ਕਾਰਟ ਚੁੱਕੇ ਜਾਣ ਵਾਲੇ ਦਿਨ ਬਾਹਰ ਰੱਖੋ (ਨਾ ਕਿ ਇਕ ਰਾਤ ਪਹਿਲਾਂ)

### ਫੌਰੀ ਨੁਕਤਾ

**ਆਪਣੀ ਕਮਿਊਨਿਟੀ ਨੂੰ ਸੁਰੱਖਿਅਤ ਰੱਖਣਾ ਇਕ ਸਾਂਝੀ ਜ਼ਿੰਮੇਵਾਰੀ ਹੈ! ਮਨੁੱਖਾਂ ਅਤੇ ਜੰਗਲੀ ਜੀਵਾਂ ਦੇ ਵਿਰੋਧਾਂ ਨੂੰ ਕਿਵੇਂ ਘਟਾਉਣਾ ਹੈ, ਇਸ ਬਾਰੇ ਜਾਣਕਾਰੀ ਲਈ wildsafebc.ca ਵੇਖੋ ਜਾਂ abbotsford.ca/wildlife ਚੈੱਕ ਕਰੋ।**

## 2026
## ਕੁਲੈਕਸ਼ਨ ਕੈਲੰਡਰ:
ਵੈਸਟ ਕੁਲੈਕਸ਼ਨ

**ਰੰਗਦਾਰ ਖੇਤਰਾਂ ‘ਚ ਵੇਖੋ ਕਿ ਤੁਹਾਡਾ ਘਰ ਕਿੱਥੇ ਸਥਿੱਤ ਹੈ।**

**ਕੂੜਾ ਚੁੱਕਣ ਵਾਲੇ ਦਿਨਾਂ ਬਾਰੇ ਜਾਣਨ ਲਈ ਦਿੱਤੇ ਰੰਗਾਂ ਦੇ ਕੋਡ ਵਾਲੇ ਕੈਲੰਡਰ ਨੂੰ ਵੇਖੋ।**

◯ **ਗਾਰਬੇਜ** ਗੋਲ ਚੱਕਰ ਲੱਗੇ ਦਿਨਾਂ ‘ਤੇ ਚੁੱਕਿਆ ਜਾਂਦਾ ਹੈ।


□ **ਰੀਸਾਇਕਲਿੰਗ ਅਤੇ ਸ਼ੀਸ਼ਾ** ਵਰਗਾਕਾਰ ਲੱਗੇ ਵਾਲੇ ਦਿਨਾਂ ‘ਤੇ ਚੁੱਕਿਆ ਜਾਂਦਾ ਹੈ।

**ਕੰਪੋਸਟਯੋਗ ਸਮਾਨ** ਹਰ ਹਫਤੇ ਚੁੱਕਿਆ ਜਾਂਦਾ ਹੈ।

■ ਦਰਸਾਏ ਗਏ ਸਰਕਾਰੀ ਛੁੱਟੀਆਂ ਦੇ ਦਿਨਾਂ ‘ਤੇ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ।

**ਇੰਨਕੁਆਰੀਆਂ ਲਈ:**
604-864-5640
**sortyourwaste@abbotsford.ca**

# 2026 ਕੁਲੈਕਸ਼ਨ ਕੈਲੰਡਰ:
ਵੈਸਟ ਕੁਲੈਕਸ਼ਨ



## JANUARY

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## FEBRUARY

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |

## MARCH

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

## APRIL

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

## MAY

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

## JUNE

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

## JULY

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

## AUGUST

| S | M | T | W | Th | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

## SEPTEMBER

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

## OCTOBER

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

## NOVEMBER

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

## DECEMBER

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

Calendars and collection zones can be viewed online at **abbotsford.ca/collectionschedule** or on our free curbside collection app.

**2026**
**ਕੁਲੈਕਸ਼ਨ ਕੈਲੰਡਰ:**
ਈਸਟ ਕੁਲੈਕਸ਼ਨ

**ਰੰਗਦਾਰ ਖੇਤਰਾਂ 'ਚ ਵੇਖੋ ਕਿ ਤੁਹਾਡਾ ਘਰ ਕਿੱਥੇ ਸਥਿੱਤ ਹੈ।**

**ਕੂੜਾ ਚੁੱਕਣ ਵਾਲੇ ਦਿਨਾਂ ਬਾਰੇ ਜਾਣਨ ਲਈ ਦਿੱਤੇ ਰੰਗਾਂ ਦੇ ਕੋਡ ਵਾਲੇ ਕੈਲੰਡਰ ਨੂੰ ਵੇਖੋ।**

◯ **ਗਾਰਬੇਜ** ਗੋਲ ਚੱਕਰ ਲੱਗੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।


☐ **ਰੀਸਾਇਕਲਿੰਗ ਅਤੇ ਸ਼ੀਸ਼ਾ** ਵਰਗਾਕਾਰ ਲੱਗੇ ਵਾਲੇ ਦਿਨਾਂ 'ਤੇ ਚੁੱਕਿਆ ਜਾਂਦਾ ਹੈ।

**ਕੰਪੋਸਟਯੋਗ ਸਮਾਨ** ਹਰ ਹਫਤੇ ਚੁੱਕਿਆ ਜਾਂਦਾ ਹੈ।

■ ਦਰਸਾਏ ਗਏ ਸਰਕਾਰੀ ਛੁੱਟੀਆਂ ਦੇ ਦਿਨਾਂ 'ਤੇ ਕੋਈ ਕੂੜਾ ਨਹੀਂ ਚੁੱਕਿਆ ਜਾਵੇਗਾ।

**ਇੰਨਕੁਆਰੀਆਂ ਲਈ:**
604-864-5640
**sortyourwaste @abbotsford.ca**

# 2026 ਕੁਲੈਕਸ਼ਨ ਕੈਲੰਡਰ:
## ਈਸਟ ਕੁਲੈਕਸ਼ਨ



### JANUARY

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### FEBRUARY

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |

### MARCH

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | 31 | | | | |

### APRIL

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | | |

### MAY

| S | M | T | W | Th | F | S |
|---|---|---|---|---|---|---|
| | | | | | 1 | 2 |
| 3 | 4 | 5 | 6 | 7 | 8 | 9 |
| 10 | 11 | 12 | 13 | 14 | 15 | 16 |
| 17 | 18 | 19 | 20 | 21 | 22 | 23 |
| 24 | 25 | 26 | 27 | 28 | 29 | 30 |
| 31 | | | | | | |

### JUNE

| S | M | T | W | Th | F | S |
|---|---|---|---|---|---|---|
| | 1 | 2 | 3 | 4 | 5 | 6 |
| 7 | 8 | 9 | 10 | 11 | 12 | 13 |
| 14 | 15 | 16 | 17 | 18 | 19 | 20 |
| 21 | 22 | 23 | 24 | 25 | 26 | 27 |
| 28 | 29 | 30 | | | | |

### JULY

| S | M | T | W | Th | F | S |
|---|---|---|---|---|---|---|
| | | | 1 | 2 | 3 | 4 |
| 5 | 6 | 7 | 8 | 9 | 10 | 11 |
| 12 | 13 | 14 | 15 | 16 | 17 | 18 |
| 19 | 20 | 21 | 22 | 23 | 24 | 25 |
| 26 | 27 | 28 | 29 | 30 | 31 | |

### AUGUST

| S | M | T | W | Th | F | S |
|---|---|---|---|---|---|---|
| | | | | | | 1 |
| 2 | 3 | 4 | 5 | 6 | 7 | 8 |
| 9 | 10 | 11 | 12 | 13 | 14 | 15 |
| 16 | 17 | 18 | 19 | 20 | 21 | 22 |
| 23 | 24 | 25 | 26 | 27 | 28 | 29 |
| 30 | 31 | | | | | |

### SEPTEMBER

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | | | |

### OCTOBER

| S | M | T | W | Th | F | S |
|---|---|---|---|---|---|---|
| | | | | 1 | 2 | 3 |
| 4 | 5 | 6 | 7 | 8 | 9 | 10 |
| 11 | 12 | 13 | 14 | 15 | 16 | 17 |
| 18 | 19 | 20 | 21 | 22 | 23 | 24 |
| 25 | 26 | 27 | 28 | 29 | 30 | 31 |

### NOVEMBER

| S | M | T | W | Th | F | S |
|---|---|---|---|---|---|---|
| 1 | 2 | 3 | 4 | 5 | 6 | 7 |
| 8 | 9 | 10 | 11 | 12 | 13 | 14 |
| 15 | 16 | 17 | 18 | 19 | 20 | 21 |
| 22 | 23 | 24 | 25 | 26 | 27 | 28 |
| 29 | 30 | | | | | |

### DECEMBER

| S | M | T | W | Th | F | S |
|---|---|---|---|---|---|---|
| | | 1 | 2 | 3 | 4 | 5 |
| 6 | 7 | 8 | 9 | 10 | 11 | 12 |
| 13 | 14 | 15 | 16 | 17 | 18 | 19 |
| 20 | 21 | 22 | 23 | 24 | 25 | 26 |
| 27 | 28 | 29 | 30 | 31 | | |

Calendars and collection zones can be viewed online at **abbotsford.ca/collectionschedule** or on our free curbside collection app.

# ਮਹੱਤਵਪੂਰਨ ਜਾਣਕਾਰੀ

## ਕਈ ਸਾਰੇ ਸਰੋਤ ਮੌਜੂਦ ਹਨ ਜਿਹੜੇ ਕੂੜ ਕਬਾੜ ਦੀ ਦੁਨੀਆਂ ਨੂੰ ਛਾਂਟਣ 'ਚ ਤੁਹਾਡੀ ਮਦਦ ਕਰ ਸਕਦੇ ਹਨ!

ਅਕਸਰ ਪੁੱਛੇ ਜਾਂਦੇ ਸਵਾਲ, ਕਾਰਟ ਟਿਕਾਉਣ ਦੀਆਂ ਵਧੀਕ ਉਦਾਹਰਨਾਂ ਅਤੇ ਆਪਣੇ ਕਾਰਟਾਂ ਨੂੰ ਵਰਤਣ ਬਾਰੇ ਨੁਕਤੇ ਤੇ ਤਰੀਕਿਆਂ ਸਮੇਤ ਪ੍ਰੋਗਰਾਮ ਬਾਰੇ ਜਾਣਕਾਰੀ ਲੈਣ ਲਈ **abbotsford.ca/carts** ਵੇਖੋ।

ਵੇਸਟ ਵਿਜ਼ਾਰਡ ਸਰਚ ਟੂਲ ਦੀ ਵਰਤੋਂ ਕਰਦਿਆਂ ਇਹ ਜਾਣੋ ਕਿ ਕਿਹੜਾ ਸਮਾਨ ਕਿੱਥੇ ਜਾਂਦਾ ਹੈ: **abbotsford.ca/wastewizard**

ਆਪਣੇ ਸਵਾਲ **waste@abbotsford.ca** 'ਤੇ ਈਮੇਲ ਕਰੋ।

**ਕਰਬਸਾਈਡ ਕੁਲੈਕਸ਼ਨ ਹਾਟਲਾਈਨ: 604-864-5640**
ਸੋਮਵਾਰ - ਸ਼ੁੱਕਰਵਾਰ, ਸਵੇਰ 8 ਵਜੇ ਤੋਂ ਸ਼ਾਮ 4 ਵਜੇ ਤੱਕ (ਸਰਕਾਰੀ ਛੁੱਟੀਆਂ ਤੋਂ ਬਿਨਾਂ)

- ਸਰਵਿਸ ਬਾਰੇ ਸਮੱਸਿਆ ਜਾਂ ਚੁੱਕਣਾ ਖੁੰਝ ਜਾਣ ਬਾਰੇ ਰਿਪੋਰਟ ਕਰੋ
- ਨੁਕਸਾਨਗ੍ਰਸਤ ਜਾਂ ਗੁੰਮ ਗਏ ਕਾਰਟ ਬਾਰੇ ਰਿਪੋਰਟ ਕਰੋ
- ਨਵੇਂ ਬਣਾਏ ਘਰ ਵਾਸਤੇ ਕਾਰਟਾਂ ਲਈ ਬੇਨਤੀ ਕਰੋ
- ਵੱਖਰੇ ਸਾਈਜ਼ ਜਾਂ ਵੱਖਰੀ ਪ੍ਰਕਾਰ ਦੇ ਕਾਰਟ ਲਈ ਬੇਨਤੀ ਕਰੋ
- ਕਾਰਟ ਪ੍ਰੋਗਰਾਮ ਬਾਰੇ ਸਵਾਲ ਪੁੱਛੋ

**ਹੋਰ ਸਰੋਤ**
ਬੀ ਸੀ ਰੀਸਾਈਕਲਿੰਗ ਹਾਟਲਾਈਨ: 1-800-667-4321

ਸੋਮਵਾਰ - ਸ਼ੁੱਕਰਵਾਰ, ਸਵੇਰੇ 9 ਵਜੇ - ਸ਼ਾਮ 4 ਵਜੇ ਤੱਕ

ਬੀ ਸੀ ਰੀਸਾਈਕਲਪੀਡੀਆ **rcbc.ca**
ਰੀਸਾਈਕਲ ਬੀ ਸੀ **recycle bc.ca**


## ਸਾਡੇ ਕੋਲ ਉਸ ਵਾਸਤੇ ਐਪਸ ਹਨ!

### ਉਸ ਨੂੰ ਸਮੇਂ ਸਿਰ ਸੜਕ ਕਿਨਾਰੇ ਰੱਖਣ 'ਚ ਮਦਦ ਕਰਨ ਵਾਸਤੇ।

ਕੂੜਾ ਚੁੱਕੇ ਜਾਣ ਦੇ ਦਿਨ ਨੂੰ ਮੁੜ ਕਦੇ ਨਾ ਖੁੰਝਾਉ! **ਐਬਟਸਫੋਰਡ ਕਰਬਸਾਈਡ ਕੁਲੈਕਸ਼ਨ** ਐਪ ਤੁਹਾਨੂੰ ਕੂੜਾ ਚੁੱਕੇ ਜਾਣ ਦੀ ਸਮਾਂ-ਸੂਚੀ ਤੱਕ ਪਹੁੰਚ ਪ੍ਰਦਾਨ ਕਰਦੀ, ਚੁੱਕੇ ਜਾਣ ਦੇ ਦਿਨ ਬਾਰੇ ਯਾਦ ਕਰਵਾਉਂਦੀ ਅਤੇ ਸਰਵਿਸ ਬਾਰੇ ਚਿਤਾਵਣੀਆਂ ਦਿੰਦੀ ਹੈ। ਇਸ ਦੇ ਨਾਲ ਹੀ, ਰੀਸਾਈਕਲ ਕਰਨ ਬਾਰੇ ਵੇਸਟ ਵਿਜ਼ਾਰਡ ਤੱਕ ਪਹੁੰਚ ਪ੍ਰਦਾਨ ਕਰਦੀ ਅਤੇ ਸੈਂਕੜੇ ਵਸਤਾਂ ਨੂੰ ਸੁੱਟਣ ਬਾਰੇ ਜਾਣਕਾਰੀ ਦਿੰਦੀ ਹੈ।

ਸਿਟੀ ਸੇਵਾਵਾਂ ਬਾਰੇ **@abbotsford city services** ਮੁਫਤ ਐਪ ਚੁੱਕਣਾ ਖੁੰਝਣ ਬਾਰੇ ਰਿਪੋਰਟ ਕਰ ਸਕਦੀ, ਕਾਰਟ ਦੀ ਮੁਰੰਮਤ ਦੀ ਬੇਨਤੀ ਕਰ ਸਕਦੀ ਜਾਂ ਸੜਕ ਕਿਨਾਰਿਉਂ ਕੂੜਾ ਚੁੱਕਣ ਸਬੰਧੀ ਹੋਰ ਸਮੱਸਿਆਵਾਂ ਦੀ ਰਿਪੋਰਟ ਕਰ ਸਕਦੀ ਹੈ।

**ਐਪਾਂ ਡਾਊਨਲੋਡ ਕਰਨ ਅਤੇ ਵੇਸਟ ਵਿਜ਼ਾਰਡ ਤੱਕ ਪਹੁੰਚ ਲਈ ਸਕੈਨ ਕਰੋ!**



# ਮਹੱਤਵਪੂਰਨ ਜਾਣਕਾਰੀ

## ਵਾਧੂ ਕੂੜ ਕਬਾੜ

ਕੂੜ ਕਬਾੜ ਵਾਧੂ ਹੈ? ਆਪਣੇ ਵਾਧੂ ਰੀਸਾਈਕਲ, ਕੰਪੋਸਟ ਜਾਂ ਗਾਰਬੇਜ ਦਾ ਪ੍ਰਬੰਧਨ ਕਿਵੇਂ ਕਰਨਾਂ, ਇਸ ਬਾਰੇ ਰਾਵਾਂ ਲੈਣ ਲਈ **abbotsford.ca/excesswaste** ਵੇਖੋ!

## ਕੂੜਾ ਚੁੱਕਣਾ ਖੁੰਝ ਜਾਣਾ

ਆਮ ਕਾਰਨ ਕਿ ਤੁਹਾਡਾ ਕਾਰਟ ਜਾਂ ਸ਼ੀਸ਼ੇ ਵਾਲਾ ਬਿੰਨ ਕਿਉਂ ਨਹੀਂ ਚੁੱਕਿਆ ਗਿਆ, ਉਹ ਹਨ:

- ਕਾਰਟ/ਬਿੰਨ 7:00 ਵਜੇ ਸਵੇਰ ਤੱਕ ਸੜਕ ਕਿਨਾਰੇ ਨਹੀਂ ਸੀ ਰੱਖਿਆ ਗਿਆ
- ਕਲਡੀਸੈਕ 'ਚ "ਗਾਰਬੇਜ ਵਾਲੇ ਦਿਨ 'ਤੇ ਪਾਰਕ ਨਹੀਂ ਕਰਨਾਂ" ਵਾਲੇ ਸਾਈਨ ਲੱਗੀ ਥਾਂ 'ਤੇ ਗੱਡੀਆਂ ਪਾਰਕ ਕੀਤੀਆਂ ਹੋਈਆਂ ਸਨ ਅਤੇ ਕੂੜਾ ਚੁੱਕਣ ਵਾਲੇ ਟਰੱਕ ਕਾਰਟਾਂ ਤੱਕ ਪਹੁੰਚ ਨਹੀਂ ਸਕੇ
- ਕਾਰਟ/ਬਿੰਨ ਬਾਹਰ ਡੁੱਲ੍ਹ ਰਿਹਾ ਸੀ ਜਾਂ ਉਸਦਾ ਢੱਕਣ ਬੰਦ ਨਹੀਂ ਸੀ ਕੀਤਾ ਗਿਆ
- ਕਾਰਟ/ਬਿੰਨ ਵਿਚ ਨਾ-ਮਨਜ਼ੂਰ ਕਿਸਮ ਦੀ ਸਮੱਗਰੀ ਪਾਈ ਹੋਈ ਸੀ
- ਕਾਰਟ/ਬਿੰਨ ਤੱਕ ਪਾਰਕ ਕੀਤੀ ਹੋਈ ਕਾਰ, ਯੂਟਿਲਿਟੀ ਦੇ ਖੰਭੇ ਜਾਂ ਹੋਰ ਕਿਸੇ ਰੁਕਾਵਟ ਕਾਰਨ ਪਹੁੰਚ ਰੁਕੀ ਹੋਈ ਸੀ
- ਕਾਰਟ/ਬਿੰਨ ਕਿਸੇ ਹੋਰ ਕਾਰਟ, ਪਾਰਕ ਕੀਤੀ ਕਾਰ ਜਾਂ ਕਿਸੇ ਹੋਰ ਰੁਕਾਵਟ ਦੇ ਬਹੁਤ ਨੇੜੇ ਰੱਖਿਆ ਗਿਆ ਸੀ
- ਕੂੜ-ਕਬਾੜ ਚੰਗੀ ਤਰ੍ਹਾਂ ਅੱਡ ਅੱਡ ਨਹੀਂ ਸੀ ਕੀਤਾ ਗਿਆ
- ਰਿੱਛ ਨਿਰੋਧਕ ਕਾਰਟ ਦੇ ਕਲਿੱਪ ਖੋਲ੍ਹੇ ਨਹੀਂ ਸਨ ਗਏ

### ਜੇਕਰ ਉਪਰਲੇ ਕਾਰਨਾਂ 'ਚੋਂ ਕੋਈ ਲਾਗੂ ਨਾ ਹੁੰਦਾ ਹੋਵੇ ਤਾਂ ਤੁਸੀਂ ਹੇਠ ਲਿਖਿਆਂ 'ਚੋਂ ਕਿਸੇ ਵੀ ਤਰੀਕੇ ਨਾਲ ਕੂੜਾ ਚੁੱਕਣ ਦੇ ਖੁੰਝ ਜਾਣ ਦੀ ਰਿਪੋਰਟ ਕਰ ਸਕਦੇ ਹੋ:

ਵੈੱਬਸਾਈਟ: abbotsford.ca/service

ਸਿਟੀ ਸਰਵਿਸਿਜ਼ ਐਪ: @Abbotsford
(ਐਪ ਸਟੋਰ ਅਤੇ ਗੂਗਲ ਪਲੇਅ 'ਤੇ ਉਪਲਬਧ)

ਟੈਲੀਫੋਨ: 604-864-5640

## ਬਰਫਬਾਰੀ ਅਤੇ ਜੰਮੀ ਬਰਫ ਵਾਲੇ ਦਿਨੀਂ ਕੂੜਾ ਚੁੱਕਣ ਦੀਆਂ

ਸੇਵਾ ਪ੍ਰਦਾਨ ਕਰਨਾ ਸਾਡੀ ਸਰਵਉੱਚ ਤਰਜੀਹ ਹੈ, ਪਰੰਤੂ ਬਰਫਬਾਰੀ ਅਤੇ ਜੰਮੀ ਬਰਫ ਵਾਲੀਆਂ ਹਾਲਤਾਂ ਦੌਰਾਨ ਸੜਕ ਕਿਨਾਰਿਉਂ ਕੂੜਾ ਚੁੱਕਣ 'ਚ ਵਿਘਨ ਪੈ ਸਕਦਾ ਹੈ। ਜੇਕਰ ਅਜਿਹਾ ਵਾਪਰੇ ਤਾਂ ਕੂੜਾ ਚੁੱਕੇ ਜਾਣ ਨਾਲ ਸਬੰਧਤ ਜਾਣਕਾਰੀ ਵਾਸਤੇ ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ਜਾਣਕਾਰੀ ਦਾ ਸਭ ਤੋਂ ਵਧੀਆ ਸਰੋਤ ਹੈ। ਇਹ ਐਪ ਕਿਸੇ ਵੀ ਸਮਾਰਟ ਡਿਵਾਈਸ 'ਤੇ ਐਪ ਸਟੋਰ ਜਾਂ ਗੂਗਲ ਪਲੇਅ ਤੋਂ ਮੁਫਤ ਡਾਊਨਲੋਡ ਕੀਤੀ ਜਾ ਸਕਦੀ ਹੈ (ਮਗਰਲੇ ਸਫੇ 'ਤੇ ਕਿਊ ਆਰ ਕੋਡ ਵੇਖੋ)।

ਕੂੜਾ ਚੁੱਕਣ 'ਚ ਕਿਸੇ ਵੀ ਦੇਰੀ ਜਾਂ ਸੇਵਾ ਕੈਂਸਲ ਹੋਣ ਬਾਰੇ ਤਾਜ਼ਾ ਐਡਵਾਇਜ਼ਰੀ ਸਿਟੀ ਦੇ ਵੈਬਸਾਈਟ abbotsford.ca 'ਤੇ ਅਤੇ ਨਾਲ ਹੀ ਸਿਟੀ ਦੇ ਸੋਸ਼ਲ ਮੀਡੀਆ ਚੈਨਲਾਂ 'ਤੇ ਵੀ ਪਾਈ ਜਾਂਦੀ ਹੈ।

## ਛੁੱਟੀਆਂ ਦਾ ਕੂੜ-ਕਬਾੜ ਘਟਾਉਣਾ

ਮੌਸਮੀ ਛੁੱਟੀਆਂ ਜਿਵੇਂ ਕਿ ਹੈਲੋਵੀਨ ਜਾਂ ਕ੍ਰਿਸਮਿਸ ਭਾਵੇਂ ਮੌਜ ਮੇਲਾ ਅਤੇ ਆਨੰਦ ਲਿਆਉਂਦੀਆਂ ਹਨ ਪਰੰਤੂ ਇਹ ਕੂੜ-ਕਬਾੜ ਦੀ ਵੱਡੀ ਮਾਤਰਾ ਵੀ ਪੈਦਾ ਕਰਦੀਆਂ ਹਨ।

ਖੁਣੇ ਹੋਏ ਹਲਵਾ ਕੱਦੂਆਂ ਤੋਂ ਲੈ ਕੇ ਲਪੇਟਣ ਵਾਲੇ ਪੇਪਰਾਂ ਤੱਕ ਬਾਰੇ ਇਹ ਸਿੱਖੋ ਕਿ ਛੁੱਟੀਆਂ ਦੀ ਰੁੱਤ ਦੌਰਾਨ ਕੂੜ-ਕਬਾੜ ਨੂੰ ਕਿਵੇਂ ਘਟਾਉਣਾ ਹੈ।

**abbotsford.ca/reducewaste** 'ਤੇ ਜਾ ਕੇ ਕੂੜ-ਕਬਾੜ ਘਟਾਉਣ ਬਾਰੇ ਨੁਕਤੇ ਪ੍ਰਾਪਤ ਕਰੋ।

**CITY OF ABBOTSFORD**
32315 South Fraser Way
Abbotsford, BC  V2T 1W7

**ਕੂੜਾ ਚੁੱਕਣ ਦਾ ਕੋਈ ਦਿਨ ਕਦੇ ਨਾ ਖੁੰਝਾਉ! ਕੂੜਾ ਚੁੱਕਣ ਦੇ ਦਿਨ ਦੇ ਯਾਦ-ਪੱਤਰ ਅਤੇ ਸਰਵਿਸ ਚਿਤਾਵਨੀਆਂ ਪ੍ਰਾਪਤ ਕਰਨ ਲਈ ਐਬਟਸਫੋਰਡ ਕਰਬਸਾਈਡ ਕੁਲੈਕਸ਼ਨ ਐਪ ਮੁਫਤ ਡਾਊਨਲੋਡ ਕਰੋ।**
**abbotsford.ca/waste**

ਐਪਾਂ ਡਾਊਨਲੋਡ ਕਰਨ ਅਤੇ ਵੇਸਟ ਵਿਜ਼ਾਰਡ ਤੱਕ ਪਹੁੰਚ ਕਰਨ ਲਈ! ਕੋਡ ਸਕੈਨ ਕਰੋ।